Punjab Government Gazette

*Published by Authority*

No. 48] CHANDIGARH, FRIDAY, NOVEMBER 28, 2025(AGRAHAYANA 7, 1947 SAKA)

# PART I

**Punjab Government Notifications and Orders**

**ਪੰਜਾਬ ਸਰਕਾਰ**

ਜਲ ਸਰੋਤ ਵਿਭਾਗ

(ਸਿੰਚਾਈ ਪ੍ਰਸੋਨਲ-2 ਸ਼ਾਖਾ)

**ਨੋਟੀਫਿਕੇਸ਼ਨ**

ਮਿਤੀ 4 ਦਸੰਬਰ, 2023

**ਨੰਬਰ: WR-IRP201.1/14/2023-5IP2/735588.-** ਸ਼੍ਰੀ ਸੁਰਿੰਦਰ ਕੁਮਾਰ ਭਾਟੀਆਂ ਪੁੱਤਰ ਲੇਟ ਸ਼੍ਰੀ ਜਗਨ ਨਾਥ ਭਾਟੀਆਂ, ਸੁਪਰਡੰਟ ਗ੍ਰੇਡ-1, ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਆਪਣੇ ਘਰੇਲੂ ਕਾਰਨਾਂ ਕਰਕੇ ਸਵੈ-ਇੱਛੁਕ ਸੇਵਾ ਨਵਿਰਤੀ ਲੈਣ ਸਬੰਧੀ ਦਿੱਤੀ ਪ੍ਰਤੀਬੇਨਤੀ ਨੂੰ ਪੰਜਾਬ ਸਿਵਲ ਸੇਵਾਵਾਂ (ਪੂਰਵ ਸੇਵਾ ਨਵਿਰਤੀ) ਨਿਯਮਾਂਵਲੀ, 1975 ਦੇ ਨਿਯਮ 3 (3) (ਬੀ) ਅਧੀਨ ਕੀਤੇ ਗਏ ਉਪਬੰਧਾਂ ਦੀ ਰੌਸ਼ਨੀ ਵਿੱਚ ਸਬੰਧਤ ਅਧਿਕਾਰੀ ਦੀ ਪ੍ਰਤੀ ਬੇਨਤੀ ਅਤੇ ਤਿੰਨ ਮਹੀਨੇ ਦੇ ਨੋਟਿਸ ਨੂੰ ਪ੍ਰਵਾਨ ਕਰਦੇ ਹੋਏ ਸਬੰਧਤ ਅਧਿਕਾਰੀ ਨੂੰ ਮਿਤੀ 06.02.2024 ਤੋਂ ਬਾਅਦ ਦੁਪਹਿਰ ਸਰਕਾਰੀ ਸੇਵਾ ਤੋਂ ਸਵੈ-ਇੱਛੁਕ ਸੇਵਾ ਨਵਿਰਤ ਕੀਤਾ ਜਾਂਦਾ ਹੈ।

2. ਉਕਤ ਅਧਿਕਾਰੀ ਵਿਰੁੱਧ ਭਵਿੱਖ ਵਿੱਚ ਜੇਕਰ ਕੋਈ ਕਰੀਮੀਨਲ/ਸਿਵਲ ਕੋਰਟ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਕੋਈ ਮਾਮਾਲਾ ਧਿਆਨ ਵਿੱਚ ਆਉਂਦਾ ਹੈ ਤਾਂ ਉਨ੍ਹਾਂ ਵਿਰੁੱਧ ਪੰਜਾਬ ਸੀ.ਐਸ.ਆਰ. ਭਾਗ-2 ਦੇ ਨਿਯਮ 2.2 ਦੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਉਨ੍ਹਾਂ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਨ੍ਹਾਂ ਦੇ ਰਿਟਾਇਰਮੈਂਟ ਲਾਭਾਂ (ਗਰੈਚੁਟੀ/ਲੀਵ ਇਨਕੈਸ਼ਮੈਟ/ਪੈਨਸ਼ਨ ਵਿਚੋਂ ਕੀਤੀ ਜਾਵੇਗੀ।

ਚੰਡੀਗੜ੍ਹ
ਮਿਤੀ 2 ਦਸੰਬਰ, 2023

**ਕ੍ਰਿਸ਼ਨ ਕੁਮਾਰ, ਆਈ.ਏ.ਐਸ.**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

*3564/11-2025/Pb. Govt. Press, S.A.S. Nagar*